## ਮਲੀਨ ਕਿੱਤਾ ਕਰਨ ਵਾਲੇ ਮਾਪਿਆ ਦੇ ਬੱਚਿਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ (ਕੇਂਦਰੀ ਪ੍ਰਯੋਜਿਤ )ਸਕੀਮ

ਇਸ ਸਕੀਮ ਅਧੀਨ ਮਲੀਨ ਕਿੱਤਾ ਜਿਵੇਂ ਸਿਰ ਤੇ ਮੈਲਾਂ ਚੁੱਕਣਾ, ਮਰੇ ਪਸ਼ੂਆਂ ਦੀ ਖੱਲਾਂ ਉਤਾਰਨਾ, ਚਮੜਾ ਰੰਗਣਾ, ਵੇਸਟ ਪੀਕਿੰਗ ਅਤੇ ਸਫਾਈ ਦਾ ਕੰਮ ਜੋ ਰਵਾਇਤੀ ਤੋਂ ਸਕਵੈਚਰਜ਼ ਨਾਲ ਸਬੰਧਤ ਹੋਣ) ਕਰਨ ਵਾਲੇ ਮਾਪਿਆਂ ਦੇ ਬੱਚਿਆਂ ਨੂੰ ਆਪਣੀ ਪੜ੍ਹਾਈ ਵਿਚੋਂ ਛੱਡਣ ਤੋਂ ਰੋਕਣ ਦੇ ਮੰਤਵ ਵਜੋਂ ਵਜੀਫਾ ਦਿੱਤਾ ਜਾਂਦਾ ਹੈ। ਇਹ ਸਕੀਮ ਸਾਲ 1988-89 ਤੋਂ ਪੰਜਾਬ ਰਾਜ ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਅਧੀਨ ਲਾਭ ਲੈਣ ਵਾਲੇ ਲਾਭਪਾਤਰੀਆਂ ਦੇ ਮਾਪਿਆਂ ਦੀ ਆਮਦਨ ਦਰ ਦੀ ਕੋਈ ਸੀਮਾ ਨਹੀਂ ਹੈ। ਇਸ ਸਕੀਮ ਅਧੀਨ ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੂੰ 40/-ਰੁਪਏ , 6ਵੀਂ ਤੋਂ 8ਵੀਂ ਜਮਾਤ ਦੇ 60/-ਰੁਪਏ ਅਤੇ 9ਵੀਂ ਤੋਂ 10ਵੀਂ ਜਮਾਤ ਦੇ 75/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਸਾਲ ਵਿੱਚ 10 ਮਹੀਨਿਆਂ ਲਈ ਵਜੀਫਾ ਅਤੇ ਸਾਲ ਵਿੱਚ ਇੱਕ ਵਾਰ 500/-ਰੁਪਏ ਐਡਹਾਕ ਗਰਾਂਟ ਪ੍ਰਤੀ ਵਿਦਿਆਰਥੀ ਦਿੱਤੀ ਜਾਂਦੀ ਹੈ ਪ੍ਰੰਤੂ ਭਾਰਤ ਸਰਕਾਰ, ਮਨਿਸਟਰੀ ਆਫ ਸੋਸ਼ਲ ਜਸਟਿਸ ਐਂਡ ਇੰਮਪਾਵਰਮੈਂਟ, ਨਵੀਂ ਦਿੱਲੀ ਵਲੋਂ ਮਿਤੀ 1-4-09 ਤੋਂ ਡੇ-ਸਕਾਲਰਸ਼ਿਪ ਅਤੇ ਐਡਹਾਕ ਗਰਾਂਟ ਦੇ ਰੇਟਾਂ ਵਿੱਚ ਵਾਧਾ ਕੀਤਾ ਗਿਆ ਹੈ ਜਿਸ ਨਾਲ ਮਿਤੀ 1-4-09 ਤੋਂ ਇਸੇ ਸਕੀਮ ਅਧੀਨ ਪਹਿਲੀ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ 110/-ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਪ੍ਰਤੀ ਵਿਦਿਆਰਥੀ 10 ਮਹੀਨਿਆਂ ਲਈ ਵਜੀਫਾ ਦਿੱਤਾ ਜਾਵੇਗਾ ਅਤੇ ਸਾਲ ਵਿੱਚ ਇੱਕ ਵਾਰ 750/-ਰੁਪਏ. ਪ੍ਰਤੀ ਵਿਦਿਆਰਥੀ ਐਡਹਾਕ ਗਰਾਂਟ ਦੇਣ ਦੀ ਵਿਵਸਥਾ ਹੈ। ਇਸ ਸਕੀਮ ਤਹਿਤ ਰਾਜ ਸਰਕਾਰ ਦੀ ਕਮਿਟਿਡ ਲਾਇਬਿਲਟੀ ਤੋਂ ਉਪਰ ਕੇਂਦਰ ਸਰਕਾਰ ਵਲੋਂ 100% ਖਰਚਾ ਕੀਤਾ ਜਾਂਦਾ ਹੈ। ਇਸ ਸਕੀਮ ਡੀ.ਪੀ.ਆਈ.(ਸੈ:ਸਿ:) ਅਤੇ (ਐ:ਸਿ:) ਵਲੋਂ ਯੋਗ ਵਿਦਿਆਰਥੀਆਂ ਦੀਆਂ ਪ੍ਰਾਪਤ ਹੋਈਆਂ ਸੂਚੀਆਂ ਦੇ ਆਧਾਰ ਤੇ ਆਨ ਲਾਈਨ ਮੈਨੇਜਮੈਂਟ ਸਿਸਟਮ ਰਾਹੀਂ ਅਦਾਇਗੀ ਕੀਤੀ ਜਾਂਦੀ ਹੈ।